Dilpreet Kaur

# ਚੰਡੀ ਦੀ ਵਾਰ : ਸੋਮਾ, ਸਾਰ ਤੇ ਉਦੇਸ਼

ਪੰਜਾਬੀ ਵਾਰ ਸਾਹਿਤ ਵਿੱਚ 'ਚੰਡੀ ਦੀ ਵਾਰ' ਗੁਰੂ ਗੋਬਿੰਦ ਸਿੰਘ ਜੀ ਦੀ ਉੱਤਮ ਵਾਰ ਹੈ ਜਿਸ ਦੇ ਮੁਕਾਬਲੇ ਦੀ ਕੋਈ ਵਾਰ ਨਹੀਂ ਮਿਲਦੀ।

**ਸੋਮਾ :-** 'ਦਸਮ ਗ੍ਰੰਥ' ਵਿੱਚ ਚੰਡੀ ਬਾਰੇ ਤਿੰਨ ਰਚਨਾਵਾਂ ਦਰਜ ਹਨ ਦੋ ਹਿੰਦੀ ਵਿੱਚ ਅਤੇ ਇੱਕ ਪੰਜਾਬੀ ਵਿੱਚ। 'ਚੰਡੀ ਦੀ ਵਾਰ' ਦੀ ਮੂਲ ਕਥਾ ਮਾਰਕੰਡੇ ਪੁਰਾਣ ਵਿੱਚੋਂ ਲਈ ਗਈ ਹੈ। ਮਾਰਕੰਡੇ ਪੁਰਾਣ ਵਿੱਚ ਚੌਦਾਂ ਅਧਿਆਇ · ਅੰਕ 81 ਤੋਂ 94 ਤੱਕ, ਦੇਵੀ ਦੀ ਕਥਾ ਅਤੇ ਮਹਿਮਾ ਦੇ ਹਨ। ਇਨ੍ਹਾਂ 14 ਅਧਿਆਵਾਂ ਦੇ ਕੁੱਲ 700 ਸਲੋਕ ਹਨ। ਇਸ ਕਥਾ ਤੇ ਮਹਿਮਾ ਦਾ ਵਰਣਨ 'ਦਸਮ ਗ੍ਰੰਥ' ਵਿੱਚ ਇਸ ਤਰ੍ਹਾਂ ਮਿਲਦਾ ਹੈ ਪਹਿਲਾ 'ਚੰਡੀ ਚਰਿਤ੍ਰ' ਮਾਰਕੰਡੇ ਪੁਰਾਣ ਦੇ 'ਦੇਵੀ ਮਹਾਤਮ' ਵਾਲੇ ਹਿੱਸੇ ਦਾ ਖੁੱਲ੍ਹਾ ਅਨੁਵਾਦ ਹੈ, ਇਹ ਕਬਿੱਤ, ਸਵੱਯੇ ਆਦਿ ਛੰਦਾਂ ਵਿੱਚ ਰਚਿਆ ਮਿਲਦਾ ਹੈ। ਦੂਜਾ ਇਹੀ ਕਹਾਣੀ ਭੁਜੰਗ ਪ੍ਰਯਾਤ ਆਦਿ ਛੰਦਾਂ ਵਿੱਚ ਹੈ ਤੇ ਛੋਟਾ ਚੰਡੀ ਚਰਿਤ੍ਰ ਕਰਕੇ ਪ੍ਰਸਿੱਧ ਹੈ। ਤੀਜਾ ਇਸਦਾ ਖੁੱਲ੍ਹਾ ਅਨੁਵਾਦ ਪੰਜਾਬੀ ਵਿੱਚ ਹੈ ਜਿਸਦਾ ਸਿਰਲੇਖ 'ਵਾਰ ਸ੍ਰੀ ਭਗਉਤੀ ਜੀ ਪਾਤਸ਼ਾਹੀ 10' ਹੈ ਅਤੇ ਪੰਜਾਬੀ ਵਿੱਚ 'ਚੰਡੀ ਦੀ ਵਾਰ' ਕਰਕੇ ਪ੍ਰਸਿੱਧ ਹੈ। ਇਸਨੂੰ 'ਭਗਉਤੀ ਦੀ ਵਾਰ' ਕਰਕੇ ਵੀ ਜਾਣਿਆ ਜਾਂਦਾ ਹੈ।

**ਭਗਉਤੀ ਸ਼ਬਦ ਦਾ ਭਾਵ :-** ਭਗੌਤੀ, ਭਗਉਤੀ ਤੇ ਭਗਵਤੀ ਅਸਲ ਵਿੱਚ ਤਿੰਨ ਅਜਿਹੇ ਸ਼ਬਦ ਹਨ ਜਿਹੜੇ ਇੱਕ ਦੂਜੇ ਨਾਲ ਰਲਗਡ ਜਿਹੇ ਹੋ ਜਾਂਦੇ ਹਨ, ਇਸੇ ਕਰਕੇ ਇਸ ਸ਼ਬਦ ਦੇ ਅਰਥ ਭਾਵ ਨੂੰ ਪੂਰੀ ਦ੍ਰਿੜਤਾ ਨਾਲ ਸਪੱਸ਼ਟ ਅਰਥ ਦੇ ਸਕਣਾ ਔਖਾ ਜਾਪਦਾ ਹੈ, ਪਰ ਫਿਰ ਵੀ ਵਿਦਵਾਨਾਂ ਨੇ ਇਸ ਦੇ ਅਰਥਾਂ ਨੂੰ ਸਪੱਸ਼ਟ ਕਰਨ ਦਾ ਜਤਨ ਕੀਤਾ ਹੈ:--

ਪ੍ਰੋ. ਪ੍ਰਮਿੰਦਰ ਸਿੰਘ ਅਤੇ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਇਸ ਬਾਰੇ ਲਿਖਿਆ ਹੈ:-

ਤਲਵਾਰ, ਸ਼ਕਤੀ ਪਰਮਾਤਮਾ ਦਾ ਇੱਕ ਰੂਪ ਹੈ, ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਨੂੰ ਸ਼ਕਤੀ ਅਤੇ ਤਲਵਾਰ ਦਾ ਰੂਪ ਮੰਨਦੇ ਹਨ ਅਤੇ ਇਸੇ ਰੂਪ ਵਿੱਚ ਉਸਦੀ ਪੂਜਾ ਕਰਦੇ ਹਨ।

ਕਈਆਂ ਦਾ ਖ਼ਿਆਲ ਹੈ ਕਿ ਭਗੌਤੀ ਦੁਰਗਾ ਦੇਵੀ ਨੂੰ ਆਖਿਆ ਗਿਆ ਹੈ, ਅਤੇ ਗੁਰੂ ਜੀ ਨੇ ਉਸਨੂੰ ਸਭ ਤੋਂ ਪਹਿਲਾਂ ਸਿਮਰਿਆ, ਪਰ ਇਹ ਗੱਲ ਠੀਕ ਨਹੀਂ। ਅਗਲੀਆਂ ਸਤਰਾਂ ਵਿੱਚ

ਗੁਰੂ ਜੀ ਸਾਫ਼ ਦੱਸਦੇ ਹਨ ਕਿ ਇਸ ਭਗੌਤੀ ਤੋਂ ਹੀ ਸਾਰਾ ਸੰਸਾਰ ਪੈਦਾ ਹੋਇਆ ਹੈ, ਪੁਰਾਣਾਂ ਵਿਚ ਵੀ ਦੇਵੀ ਦੀ ਉਤਪਤੀ ਦਾ ਕੋਈ ਜ਼ਿਕਰ ਨਹੀਂ।

## ਡਾ. ਰਤਨ ਸਿੰਘ ਜੱਗੀ ਅਨੁਸਾਰ,

"ਭਗੌਤੀ ਮੂਲ ਸ਼ਕਤੀ ਹੈ ਜਿਸਨੇ ਸਾਰਾ ਸੰਸਾਰ ਪੈਦਾ ਕੀਤਾ, ਮਾਇਆ ਪੈਦਾ ਕੀਤੀ, ਬ੍ਰਹਮਾ ਵਿਸ਼ਨੂੰ, ਮਹੇਸ਼ ਆਦਿ ਦੇਵਤੇ ਪੈਦਾ ਕੀਤੇ।

ਇਹ ਵਾਰ ਪਉੜੀਆਂ ਵਿਚ ਰਚੀ ਹੋਈ ਹੈ ਅਤੇ 'ਦਸਮ ਗ੍ਰੰਥ' ਵਿਚ ਪਹਿਲੇ ਦੋ ਚੰਡੀ ਚਰਿਤ੍ਰਾਂ ਤੋਂ ਪਿੱਛੋਂ ਆਉਂਦੀ ਹੈ। ਗੁਰੂ ਜੀ ਨੇ ਇਸ ਪੁਰਾਣ ਕਥਾਂ ਨੂੰ ਆਮ ਪੰਜਾਬੀ ਪਾਠਕਾਂ ਦੇ ਸਮਝ ਗੋਚਰੀ ਬਣਾਉਣ ਹਿਤ ਇਸਨੂੰ ਹਿੰਦੀ ਵਿਚ ਦੋ ਬਾਰਾਂ ਉੱਤੇ ਰਚਕੇ ਫਿਰ ਪੰਜਾਬੀ ਕਵਿਤਾ ਵਿਚ ਰਚਿਆ ਹੈ। ਇਸ ਵਾਰ ਵਿਚ ਦੇਵਾਂ ਤੇ ਦਾਨਵਾਂ ਦੇ ਯੁੱਧ ਦੀ ਕਥਾ ਦਾ ਵਰਣਨ ਹੈ।

ਵਾਰ ਆਪਣੇ ਆਰੰਭਿਕ ਸਮੇਂ ਤੋਂ ਹੀ ਮੰਗਲਾਚਰਨ ਨਾਲ ਆਰੰਭ ਕੀਤੀ ਜਾਂਦੀ ਰਹੀ ਹੈ। 'ਚੰਡੀ ਦੀ ਵਾਰ' ਵੀ ਮੰਗਲਾਚਰਨ ਨਾਲ ਉਸੇ ਤਰ੍ਹਾਂ ਸ਼ੁਰੂ ਕੀਤੀ ਗਈ। 'ਚੰਡੀ ਦੀ ਵਾਰ' ਦਾ ਮੰਗਲਾਚਰਨ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਹੈ:--

ਪ੍ਰਿਥਮ ਭਗੌਤੀ ਸਿਮਰਿ ਕੈ, ਗੁਰੂ ਨਾਨਕ ਲਈਂ ਧਿਆਇ।
ਫਿਰ ਅੰਗਦ ਗੁਰੂ ਤੇ ਅਮਰਦਾਸੁ, ਰਾਮਦਾਸੈ ਹੋਈਂ
ਸਹਾਈ।
ਅਰਜਨ ਹਰਗੋਬਿੰਦ ਨੋ, ਸਿਮਰੌ ਸ੍ਰੀ ਹਰਿ ਰਾਇ।
ਸ੍ਰੀ ਹਰਿਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭ ਦੁਖਿ ਜਾਇ।
ਤੇਗ ਬਹਾਦਰ ਸਿਮਰੀਐ, ਘਰ ਨਉਨਿਧਿ ਆਵੈ ਧਾਇ।

ਇਥੇ ਪਰਮਾਤਮਾ ਨੂੰ ਧਿਆਉਣ ਤੋਂ ਬਾਅਦ, ਸਾਰੇ ਗੁਰੂ ਸਾਹਿਬਾਨ ਨੂੰ ਧਿਆਇਆ ਗਿਆ ਹੈ।[2]

**ਸਾਰ:** ਸਤਿਯੁਗ ਸ਼ਾਂਤੀ ਤੇ ਸੁਖ ਦਾ ਯੁਗ ਸੀ। ਸਾਰੇ ਲੋਕ ਪੂਰਣ ਸ਼ਾਂਤੀ, ਨਿਮਰਤਾ ਤੇ ਸਹਿਨਸ਼ੀਲਤਾ ਨਾਲ ਮਿਲ ਜੁਲ ਕੇ ਰਹਿੰਦੇ ਸਨ, ਪਰ ਇਸ ਯੁਗ ਦੇ ਲੰਘ ਜਾਣ ਅਤੇ ਤਰੇਤਾਂ ਯੁਗ ਦੇ ਆਰੰਭ ਹੋਇਆਂ ਸਾਧੂ

ਹੀ ਲੋਕਾਂ ਵਿੱਚੋਂ ਇਹ ਅੱਧਿਆਤਮਿਕਤਾ ਉਡ ਪੁੱਡ ਗਈ ਤੇ ਸਾਧੂ ਸੁਭਾਅ ਵਾਲੇ ਦੇਵਤੇ ਵੀ ਘੁਮੰਡੀ ਤੇ ਰੋਗੀ ਹੋ ਗਏ। ਦੇਵਤਿਆਂ ਦੀ ਇਸ ਕਮਜ਼ੋਰੀ ਤੇ ਗਿਰਾਵਟ ਦੇ ਕਾਰਣ ਕਲ ਤੇ ਨਾਰਦ ਪੁਆੜੇ ਦੀ ਜੜ੍ਹ, ਇਨ੍ਹਾਂ ਦੇ ਲੋਹਾਂ ਦਾ ਦਾਅਸ ਵਧ ਗਿਆ ਤੇ ਇਨ੍ਹਾਂ ਨੇ ਲੋਕਾਂ ਦੇ ਸਿਰਾਂ ਉੱਤੇ ਲੜਾਈ ਦਾ ਭੂਤ ਸਵਾਰ ਕਰ ਦਿੱਤਾ। ਪ੍ਰਭੂ ਨੇ ਰੋਗੀ ਦੇਵਤਿਆਂ ਦੇ ਅਭਿਮਾਨ ਨੂੰ ਤੋੜਨ ਲਈ ਮਹਿਖਾ ਨਾਂ ਦੇ ਦੈਂਤ ਨੂੰ ਪੈਦਾ ਕੀਤਾ। ਮਹਿਖੇ ਨੇ ਆਪਣੀ ਤਾਕਤ ਤੇ ਸ਼ਕਤੀ ਨਾਲ ਦੇਵਤਿਆਂ ਉੱਤੇ ਫਤਿਹ ਪਾਈ ਤੇ ਤਿੰਨਾਂ ਲੋਕਾਂ ਵਿੱਚ ਆਪਣਾ ਰਾਜ ਕਾਇਮ ਕਰ ਲਿਆ। ਰਾਖਸ਼ਾਂ ਨੇ ਇੰਦ੍ਰ ਨੂੰ ਅਮਰਾਵਤੀ ਵਿੱਚੋਂ ਕੱਢ ਦਿੱਤਾ ਤੇ ਉਹ ਸਿੱਟੇ ਵਜੋਂ ਇੰਦ੍ਰ ਦੁਰਗਾ ਦੀ ਸ਼ਰਨ ਵਿੱਚ ਚਲਾ ਗਿਆ।

ਦੁਰਗਾ ਨੂੰ ਮਿਲਣ ਖਾਤਰ ਇੰਦ੍ਰ ਨੂੰ ਕਈ ਦਿਨ ਉਡੀਕ ਕਰਨੀ ਪਈ। ਪਰ ਇੱਕ ਦਿਨ ਜਦੋਂ ਉਹ ਨਦੀ ਉੱਤੇ ਇਸ਼ਨਾਨ ਕਰਨ ਲਈ ਆਈ ਤਾਂ ਇੰਦ੍ਰ ਨੇ ਉਸ ਨੂੰ ਆਪਣੇ ਨਾਲ ਬੀਤੀ ਦੁੱਖ ਭਰੀ ਸਾਰੀ ਵਾਰਤਾ ਸੁਣਾਈ :-

ਇਕ ਦਿਹਾੜੇ ਨ੍ਹਾਵਣ ਆਈ ਦੁਰਗਸ਼ਾਹ,
ਇੰਦ੍ਰ ਬਿਰਥਾ ਸੁਣਾਈ ਆਪਣੇ ਹਾਲ ਦੀ।

ਦੇਵਤਿਆਂ ਦੀ ਇਸ ਬੁਜ਼ਦਿਲੀ ਉੱਤੇ ਦੁਰਗਾ ਹੱਸ ਪਈ ਅਤੇ ਨਾਲ ਹੀ ਇੰਦ੍ਰ ਨੂੰ ਦਿਲਾਸਾ ਦਿੱਤਾ ਕਿ ਉਹ ਕੋਈ ਫਿਕਰ ਨਾ ਕਰੇ। ਦੁਰਗਾ ਨੇ ਆਪਣੀ ਸਵਾਰੀ ਲਈ ਦੈਂਤ ਖਾਣ ਵਾਲਾ ਸ਼ੇਰ ਮੰਗਵਾਇਆ ਅਤੇ ਤਿਆਰ ਹੋ ਕੇ ਰਾਖਸ਼ਾਂ ਦੇ ਨਾਸ਼ ਲਈ ਜੁੱਧ ਭੂਮੀ ਵਿੱਚ ਪਹੁੰਚ ਗਈ। ਦੂਜੇ ਪਾਸੇ ਰਾਖਸ਼ ਵੀ ਤਿਆਰ ਸਨ ਤੇ ਉਹ ਕ੍ਰੋਧਵਾਨ ਹੋ ਕੇ ਜੁੱਧ ਭੂਮੀ ਵਿੱਚ ਡਟ ਗਏ।

ਜੰਗ ਦਾ ਨਾਦ ਵੱਜਿਆ, ਨਗਾਰੇ ਵਜੇ, ਨੇਜ਼ੇ ਛਵੀਆਂ ਅਤੇ ਲਿਸ਼ਕਾਂ ਮਾਰਨ ਵਾਲੇ ਫੌਲਾਦ ਲਿਸ਼ਕਦੇ ਖੰਡਿਆਂ ਨਾਲ ਰਾਖਸ਼ ਇਉਂ ਪਰੋਤੇ ਗਏ ਜਿਵੇਂ ਟਾਹਣੀ ਨਾਲ ਸੀਖੇ ਵਿੰਨ੍ਹੇ ਹੁੰਦੇ ਹਨ। ਜੰਗ ਦੇ ਮੈਦਾਨ ਵਿੱਚ ਗੁਰਜ ਤ੍ਰਿਸ਼ੂਲ, ਬਰਛੀਆਂ ਤੇ ਤੀਰ ਤੇਜ਼ੀ ਨਾਲ ਚਲ ਰਹੇ ਸਨ। ਕ੍ਰੋਧ ਵਿੱਚ ਆਏ ਰਾਖਸ਼ ਦੁਰਗਾ ਦੇ ਦੁਆਲੇ ਹਮਲਾ ਕਰਕੇ ਆ ਗਏ ਅਤੇ ਹੱਥਾਂ ਵਿੱਚ ਤਲਵਾਰਾਂ ਫੜ ਕੇ ਜ਼ੋਰ ਨਾਲ ~~ਲੜੇ~~ ਲੜੇ ਪਰ ਤੜਕੀ ਹੋਈ ਦੇਵੀ ਨੇ ਉਨ੍ਹਾਂ ਬਾਗੀਆਂ ਦੇ ਸਭ ਅੰਦਰ ਸੱਖਣੇ ਕਰ ਦਿੱਤੇ।

ਦੇਵੀ ਨੇ ਸ਼ੇਰਾਂ ਨੂੰ ਭੱਖਣ ਵਾਲੀ ਲੋਹੇ ਦੀ ਤਲਵਾਰ ਮਹਿਖਾਸੁਰ ਨਾਂ ਦੇ ਮਲੀਨ ਪੇਟ ਵਿੱਚ ਖੋਭ ਦਿੱਤੀ। ਜਿਹੜੀ ਉਸਦੀ ਖੋਪਰੀ ਉਸਦੇ ਗੁਰਦੇ, ਆਂਦਰਾਂ ਅਤੇ ਕਲੇਜੇ ਨੂੰ ਪਾੜੀ ਹੋਈ ਪਾਰ ਹੋ

ਗਈ। ਧੌਂਸਿਆਂ ਉੱਪਰ ਚੋਟਾਂ ਪਈਆਂ, ਦੇਵਤਿਆਂ ਤੇ ਰਾਕਸ਼ਾਂ ਨੇ ਫਿਰ ਇਕ ਦੂਜੇ ਉੱਤੇ ਵਾਰ ਕੀਤੇ। ਦੁਰਗਾ ਨੇ ਜੰਗ ਦੇ ਮੈਦਾਨ ਵਿਚ ਧੂਮ ਮਚਾਈ ਹੋਈ ਸੀ। ਰਾਕਸ਼ਾਂ ਨੇ ਵਧੇਰੇ ਗੁੱਸੇ ਵਿਚ ਆ ਕੇ ਜੰਗ ਕੀਤੀ। ਜਿਨ੍ਹਾਂ ਨੂੰ ਹੰਕਾਰ ਸੀ ਕਿ ਉਹਨਾਂ ਨੇ ਇੰਦਰ ਵਰਗੇ ਦੇਵ ਨਰੇਸ਼ ਨੂੰ ਹਰਾ ਲਿਆ ਹੈ। ਉਹਨਾਂ ਦੇ ਸਾਹਮਣੇ ਦੁਰਗਾ ਕੀ ਚੀਜ਼ ਹੈ?

ਪਰ ਦੁਰਗਾ ਨੇ ਰਾਕਸ਼ਾਂ ਨੂੰ ਜਿਨ੍ਹਾਂ ਦੇ ਕੱਦ ਮੁਨਾਰਿਆਂ ਜਿੰਨੇ ਉੱਚੇ ਸਨ ਅਤੇ ਮੂੰਹ ਆਲਿਆਂ ਜਿੰਨੇ ਵੱਡੇ ਸਨ, ਪਹਾੜਾਂ ਆਗਿਆਂ ਜਿੰਨੀਆਂ ਫੀਲੀਆਂ ਸਨ, ਸਭ ਨੂੰ ਮਾਰ ਕੇ ਆਹੂ ਲਾਹ ਦਿੱਤੇ। ਦੁਰਗਾ ਨੇ ਮਹਿਖਾਸੁਰ ਦੀ ਖੋਪਰੀ ਨੂੰ ਚੀਰ ਕੇ ਧੜ ਨੂੰ ਕੱਟ ਕੇ ਕਾਠੀ ਪਲਾਣ, ਘੋੜੇ ਤੋਂ ਪਾਰ ਜਾ ਕੇ ਜ਼ਮੀਨ ਤੇ ਜਾ ਲੱਗੀ ਤੇ ਫਿਰ ਜ਼ਮੀਨ ਨੂੰ ਚੀਰ ਕੇ ਧਵਲ ਦੇ ਸਿੰਗਾਂ ਤੋਂ ਵੀ ਅੱਗੇ ਕੱਛੂ-ਕੁੰਮੇ ਦੇ ਸਿਰ ਤੇ ਜਾ ਪੁੱਜੀ। ਇਵੇਂ ਮਹਿਖੇ ਦੈਂਤ ਨੂੰ ਮਾਰ ਕੇ ਰਾਜ ਦੇਵਤਿਆਂ ਨੂੰ ਦੇ ਕੇ ਦੁਰਗਾ ਅਲੋਪ ਹੋ ਗਈ।

ਕੁਝ ਸਮੇਂ ਪਿੱਛੋਂ ਸੁੰਭ ਤੇ ਨਿਸੁੰਭ ਦੋ ਰਾਖਸ਼ ਭਰਾਵਾਂ ਦਾ ਜਨਮ ਵਿਸ਼ਨੂੰ ਦੇ ਵਰਦਾਨ ਨਾਲ ਹੋਇਆ। ਜੋ ਬਹੁਤ ਅਭਿਮਾਨੀ ਦੈਂਤ ਸਿੱਧ ਹੋਏ। ਉਹਨਾਂ ਨੇ ਇੰਦਰਪੁਰੀ ਦਾ ਰਾਜ ਜਿੱਤਣ ਦਾ ਮਨ ਬਣਾਇਆ ਅਤੇ ਇੰਦਰ ਤੇ ਹਮਲਾ ਕਰ ਦਿੱਤਾ ਬੜੇ ਘਮਸਾਣ ਦਾ ਯੁੱਧ ਹੋਇਆ, ਦੋਹਾਂ ਪਾਸਿਓਂ ਨਗਾਰੇ ਗੂੰਜੇ। ਦੇਵਤੇ ਤੇ ਰਾਕਸ਼ ਜੰਗ ਕਰਨ ਆਏ। ਇਸ ਲੜਾਈ ਵਿਚ ਰਾਕਸ਼ ਫਿਰ ਜਿੱਤ ਗਏ ਅਤੇ ਦੇਵਤੇ ਫਿਰ ਹਾਰ ਗਏ।

ਦੇਵਤੇ ਫਿਰ ਦੁਰਗਾ ਦੀ ਸ਼ਰਨ ਪਹੁੰਚੇ ਅਤੇ ਦੁਰਗਾ ਨੂੰ ਗੁੱਸਾ ਚੜ੍ਹ ਕੇ ਰਾਖਸ਼ਾਂ ਦੇ ਵਿਰੁੱਧ ਲੜਨ ਲਈ ਮੈਦਾਨਿ ਜੰਗ ਵਿਚ ਲੈ ਆਈ। ਚੰਡੀ ਦੀ ਪਹੁੰਚਣ ਦੀ ਖ਼ਬਰ ਜਦੋਂ ਸੁੰਭ ਨੇ ਸੁਣੀ ਤਾਂ ਉਸਨੇ ਆਪਣੇ ਬਹਾਦਰ ਤੇ ਜੰਗੀ ਦੈਂਤ ਲੋਚਨ ਧੂਮ (ਧੂਮਰ ਲੋਚਨ) ਨੂੰ ਆਪਣੀ ਫੌਜ ਦਾ ਸੈਨਾਪਤੀ ਬਣਾ ਕੇ ਦੁਰਗਾ ਨਾਲ ਲੜਨ ਲਈ ਭੇਜ ਦਿੱਤਾ। ਦੁਰਗਾ ਮਿਆਨ ਵਿੱਚੋਂ ਖੰਡਾ ਧੂਹ ਕੇ ਰਾਕਸ਼ਾਂ ਦੇ ਸਾਹਮਣੇ ਹੋਈ। ਉਸਨੇ ਧੂਮਰ ਲੋਚਨ ਦੇ ਸਾਰੇ ਬਹਾਦਰ ਮਾਰ ਦਿੱਤੇ। ਧੂਮਰ ਲੋਚਨ ਵੀ ਇਸ ਲੜਾਈ ਵਿਚ ਮਾਰਿਆ ਗਿਆ। ਧੂਮਰ ਲੋਚਨ ਦੀ ਮੌਤ ਅਸਲ ਵਿਚ ਸੁੰਭ ਦੀ ਮੌਤ ਦੇ ਬਰਾਬਰ ਸੀ।

ਸੁੰਭ ਨੇ ਫਿਰ ਚੰਡ ਤੇ ਮੁੰਡ ਦੀ ਕਮਾਨ ਹੇਠ ਦੈਂਤਾਂ ਦੀ ਚੌਣਵੀਂ ਫੌਜ ਇਕੱਠੀ ਕੀਤੀ ਤੇ ਉਹਨਾਂ ਦੋਹਾਂ ਸਰਦਾਰਾਂ ਨੂੰ ਹੁਕਮ ਦਿੱਤਾ ਕਿ ਉਹ ਦੁਰਗਾ ਨੂੰ ਜਿਉਂਦੀ ਨੂੰ ਪਕੜ ਕੇ ਲਿਆਉਣ। ਭਾਰੀ ਸੈਨਾ ਨੂੰ ਵੇਖ ਕੇ ਦੁਰਗਾ ਨੂੰ ਬਹੁਤ ਗੁੱਸਾ ਆਇਆ। ਉਸਨੇ ਰੋਹ ਵਿਚ ਇੰਨੇ ਖਿੱਚ ਖਿੱਚ ਕੇ ਤੀਰ ਚਲਾਏ ਕਿ ਦੈਂਤਾਂ ਦੀ ਵੱਡੀ ਗਿਣਤੀ ਵਿਚ ਸੈਨਾ ਮਰ ਗਈ। ਚੰਡ ਤੇ ਮੁੰਡ ਵੀ ਮਾਰੇ ਗਏ।

ਇਹ ਖ਼ਬਰ ਸੁਣਦੇ ਹੀ ਸੁੰਭ ਨੇ 'ਰਕਤਬੀਜ'

ਸਰਦਾਰੀ ਹੇਠ ਫਿਰ ਤੀਜੀ ਵਾਰ ਫੌਜ ਦਾ ਵੱਡੀ ਗਿਣਤੀ ਵਿਚ ਗਠਨ ਕੀਤਾ ਤੇ ਦੁਰਗਾ ਨਾਲ ਲੜਨ ਲਈ ਤੋਰਿਆ। ਦੁਰਗਾ ਨੇ ਸ੍ਰਣਵਤ ਬੀਜ ਦੀ ਫੌਜ ਦਾ ਹੀ ਨਾਸ ਕਰ ਦਿੱਤਾ ਪਰ ਜਦੋਂ ਦੁਰਗਾ ਨੇ ਸ੍ਰਣਵਤ ਬੀਜ ਦੇ ਸਿਰ ਵਿਚ ਤਲਵਾਰ ਮਾਰੀ ਤਾਂ ਉਸ ਦੈਂਤ ਦਾ ਖੂਨ ਧਰਤੀ ਉੱਤੇ ਡਿਗਦਿਆਂ ਹੀ ਅਨੇਕਾਂ ਹੋਰ ਰਾਖਸ਼ ਪੈਦਾ ਹੋ ਗਏ, ਪਰ ਦੁਰਗਾ ਨੇ ਸਭ ਦੇ ਵਾਰ ਰੋਕ ਦਿੱਤੇ ਦੁਰਗਾਂ ਨੇ ਗੁੱਸੇ ਵਿਚ ਆ ਕੇ ਕਾਲਕਾ ਦੀ ਅਰਾਧਨਾ ਕੀਤੀ ਜੋ ਉਸ ਦੇ ਮੱਥੇ ਨੂੰ ਪਾੜ ਕੇ ਲਾਟ ਬਣ ਕੇ ਬਾਹਰ ਨਿਕਲੀ। ਕਾਲਕਾ ਦੇ ਪ੍ਰਗਟ ਹੁੰਦਿਆਂ ਹੀ ਦੁਰਗਾ ਦੀ ਫਤਿਹ ਦੇ ਆਸਾਰ ਨਜ਼ਰ ਆਉਣ ਲੱਗੇ। ਕਾਲਕਾ ਸ੍ਰਣਵਤ ਬੀਜ ਦੇ ਖੂਨ ਦੀ ਇੱਕ ਇੱਕ ਬੂੰਦ ਜ਼ਮੀਨ ਤੇ ਡਿੱਗਣ ਤੋਂ ਪਹਿਲਾਂ ਹੀ ਚੱਟ ਜਾਂਦੀ ਤੇ ਇਸ ਤਰ੍ਹਾਂ ਸ੍ਰਣਵਤ ਬੀਜ ਦੀਆਂ ਅਨੇਕਾਂ ਹੋਰ ਮੂਰਤਾਂ ਜੋ ਪੈਦਾ ਹੋ ਗਈਆਂ ਸਨ, ਉਹ ਖਤਮ ਹੋ ਗਈਆਂ। ਸ੍ਰਣਵਤ ਬੀਜ ਤੇ ਉਸਦੇ ਮਾਰੇ ਗਿਆਂ ਦਾ ਨਾਸ ਹੋਣ ਪਿੱਛੋਂ ਬਚੀ ਖੁਚੀ ਫੌਜ ਮੁੜ ਰਾਜੇ ਸੁੰਭ ਕੋਲ ਪਹੁੰਚੀ ਤੇ ਲੜਾਈ ਦੀ ਦੁਖ ਭਰੀ ਵਾਰਤਾ ਸੁਣਾਈ।

ਹੁਣ ਸੁੰਭ ਨੇ ਨਿਸੁੰਭ ਨੂੰ ਭਾਰੀ ਸੈਨਾ ਦੇ ਕੇ ਦੁਰਗਾ ਨਾਲ ਲੜਾਈ ਕਰਨ ਲਈ ਤੋਰਿਆ। ਪਰ ਦੁਰਗਾ ਨੇ ਨਿਸੁੰਭ ਸਮੇਤ ਉਸਦੇ ਦੈਂਤਾਂ ਦੀ ਫੌਜ ਨੂੰ ਮਾਰ ਮੁਕਾਇਆ।

ਹੁਣ ਵਾਰੀ ਸੁੰਭ ਦੀ ਆਈ। ਉਹ ਆਪ ਵੱਡੀ ਗਿਣਤੀ ਵਿਚ ਫੌਜ ਲੈ ਕੇ ਦੇਵੀ ਨੂੰ ਲੜਨ ਲਈ ਚਲਾ ਗਿਆ। ਫਿਰ ਭਿਆਨਕ ਜੰਗ ਹੋਇਆ। ਦੋਹਾਂ ਪਾਸਿਆਂ ਤੋਂ ਤੀਰਾਂ ਤੇ ਤਲਵਾਰਾਂ ਨਾਲ ਘਮਸਾਨ ਦੀ ਲੜਾਈ ਹੋਈ। ਧਰਤੀ ਲਹੂ ਲੁਹਾਣ ਹੋ ਗਈ। ਦੁਰਗਾ ਨੇ ਆਪਣੇ ਹੱਥ ਵਿਚ ਬਰਛੀ ਫੜ ਕੇ ਅਨੇਕਾਂ ਰਾਖਸ਼ਾਂ ਨੂੰ ਮਾਰ ਮੁਕਾਇਆ। ਉਸ ਦੀ ਬਰਛੀ ਵਿਚ ਪਰੁੱਚੇ ਹੋਏ ਦੈਂਤਾਂ ਦੇ ਸਿਰ ਇਉਂ ਜਾਪਦੇ ਸਨ ਜਿਵੇਂ ਹਲਵਾਈ ਸੀਖ ਨਾਲ ਵੜੇ ਵਿੰਨ੍ਹ ਵਿੰਨ੍ਹ ਕੇ ਕੜਾਹੀ ਵਿਚੋਂ ਕੱਢ ਰਿਹਾ ਹੋਵੇ। ਦੁਰਗਾ ਨੇ ਇੱਕ ਵੱਡੀ ਬਰਛੀ ਹੱਥ ਵਿਚ ਫੜੀ ਤੇ ਇਕ ਭਰਵਾਂ ਵਾਰ ਰਾਜੇ ਸੁੰਭ ਉਤੇ ਕੀਤਾ। ਉਹ ਕਾਠੀ ਸਣੇ ਘੋੜੇ ਉੱਤੋਂ ਧੱਕੇ ਡਿੱਗ ਪਿਆ ਤੇ ਉਸੇ ਥਾਂ ਮਾਰਿਆ ਗਿਆ। ਰਾਜੇ ਸੁੰਭ ਦੀ ਮੌਤ ਦੀ ਖ਼ਬਰ ਸੁਣਕੇ ਰਾਖਸ਼ਾਂ ਵਿਚ ਭਾਜੜ ਪੈ ਗਈ ਤੇ ਉਹ ਹਾਰ ਕੇ ਨੱਸ ਗਏ। ਦੁਰਗਾ ਨੇ ਰਾਜੇ ਇੰਦਰ ਨੂੰ ਬੁਲਾ ਕੇ ਰਾਜ ਤਿਲਕ ਦਿੱਤਾ ਤੇ ਉਸਦੇ ਸਿਰ ਉੱਤੇ ਛੱਤਰ ਝੁਲਾਇਆ। ਇਸ ਤਰ੍ਹਾਂ ਦੁਰਗਾ ਦਾ ਜੱਸ ਚੌਦਾਂ ਲੋਕਾਂ ਵਿਚ ਫੈਲ ਗਿਆ।

ਚੰਡੀ ਦੀ ਵਾਰ ਵਿਚਲੀ ਇਹ ਕਹਾਣੀ ਅਤੇ 'ਮਾਰਕੰਡੇ ਪੁਰਾਣ' ਦੀ ਕਹਾਣੀ ਵਿਚ ਕੁਝ ਅੰਤਰ ਹੈ। ਪੁਰਾਣ ਵਿਚ ਕਹਾਣੀ ਮਧੂ ਕੈਟਭ ਰਾਖਸ਼ਾਂ ਦੇ ਜਨਮ ਅਤੇ ਦੇਵਤਿਆਂ ਰਾਹੀਂ ਉਹਨਾਂ ਦੇ ਮਾਰੇ ਜਾਣ ਨਾਲ ਆਰੰਭ ਹੁੰਦੀ ਹੈ, ਪਰ ਚੰਡੀ ਦੀ ਵਾਰ ਵਿਚ ਇਹ ਹਿੱਸਾ ਸ਼ਾਮਿਲ ਨਹੀਂ ਕੀਤਾ ਗਿਆ।

**ਉਦੇਸ਼ :-** ਭਾਵੇਂ ਕਿਸੇ ਵੀ ਰਚਨਾ ਨੂੰ ਲਿਖਣ ਦਾ ਉਦੇਸ਼ ਤਾਂ ਅਸਲ ਵਿੱਚ ਲੇਖਕ ਨੂੰ ਹੀ ਪਤਾ ਹੁੰਦਾ ਹੈ, ਪਰ ਫਿਰ ਵੀ ਉਸ ਸਮੇਂ ਦੇ ਹਾਲਾਤ ਅਤੇ ਉਸ ਲਿਖਤ ਨੂੰ ਉਹਨਾਂ ਹਾਲਾਤਾਂ ਵਿੱਚ ਰੱਖ ਕੇ ਜਦੋਂ ਪਰਖ ਕੀਤੀ ਜਾਵੇ ਤਾਂ ਉਸ ਖਾਸ ਲਿਖਤ ਦਾ ਉਦੇਸ਼ ਸਾਹਮਣੇ ਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਲਿਖ ਕੇ ਪੰਜਾਬੀ ਵਾਰ ਸਾਹਿਤ ਵਿੱਚ ਨਵਾਂ ਮੋੜ ਲਿਆਂਦਾ। ਉਹਨਾਂ ਤੋਂ ਪਹਿਲਾਂ ਸੂਰਬੀਰਾਂ ਦੇ ਜਸ ਵਿੱਚ ਵਾਰਾਂ ਗਾਈਆਂ ਜਾਂਦੀਆਂ ਸਨ। ਇਹਨਾਂ ਦਾ ਆਕਾਰ ਬਹੁਤ ਹੀ ਛੋਟਾ ਸੀ। 'ਚੰਡੀ ਦੀ ਵਾਰ' ਪੰਜਾਬੀ ਵੱਡ-ਆਕਾਰੀ ਬੀਰ ਰਸੀ ਰਚਨਾ ਹੈ। ਇਸ ਵਾਰ ਨੂੰ ਲਿਖਣ ਦਾ ਮੁੱਖ ਉਦੇਸ਼ ਸਿੱਖਾਂ ਵਿੱਚ ਬੀਰ ਰਸ ਉਪਜਾਉਣਾ ਹੈ। ਉਸ ਸਮੇਂ ਮੁਗ਼ਲ ਹਕੂਮਤ ਨਾਲ ਸਿੱਖਾਂ ਦਾ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ। ਇਸ ਲਈ ਅਜਿਹੀ ਸਾਹਿਤਕ ਕਿਰਤ ਦੀ ਲੋੜ ਸੀ ਜਿਸਨੂੰ ਸੁਣ ਕੇ ਸਿੱਖਾਂ ਦੇ ਡੌਲੇ ਫੜਕਣ ਲੱਗ ਪੈਣ, ਇਸ ਆਵਸ਼ਕਤਾ ਨੂੰ ਪੂਰਾ ਕਰਨ ਲਈ ਗੁਰੂ ਸਾਹਿਬ ਨੇ ਇਸ ਵਾਰ ਦੀ ਰਚਨਾ ਕੀਤੀ। ਅੱਜ ਵੀ ਇਸ ਮਕਸਦ ਲਈ ਇਹ ਉਤਨੀ ਹੀ ਸਾਰਥਕ ਹੈ ਜਿਤਨੀ ਕਿ ਮੱਧਕਾਲ ਵਿੱਚ ਸੀ। ਚੰਡੀ ਦੀ ਵਾਰ ਦੇ ਮੁੱਖ ਉਦੇਸ਼ ਹੇਠ ਲਿਖੇ ਹਨ :-

i. **ਇਸਤਰੀ ਜਾਤੀ ਦੀ ਮਹੱਤਤਾ ਨੂੰ ਉਜਾਗਰ ਕਰਨਾ :-** ਇਸ ਵਾਰ ਵਿੱਚ ਇਸਤਰੀ ਨੂੰ ਨਾਇਕ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਨਾਲ ਇਸਤਰੀ ਜਾਤੀ ਦਾ ਸਨਮਾਨ ਕੀਤਾ ਗਿਆ ਹੈ। ਮੱਧ ਕਾਲ ਵਿੱਚ ਇਸਤਰੀ ਜਾਤੀ ਪ੍ਰਤੀ ਨਫ਼ਰਤ ਪਾਈ ਜਾਂਦੀ ਸੀ। ਇਸਨੂੰ ਭੋਗ ਵਿਲਾਸ ਦੀ ਵਸਤੂ ਹੀ ਸਮਝਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਦੇ ਉੱਥਾਨ ਅਤੇ ਸਨਮਾਨ ਲਈ ਜ਼ੋਰਦਾਰ ਆਵਾਜ਼ ਉਠਾਉਂਦਿਆਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਸੀ :-

ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸਤਰੀ ਜਾਤੀ ਨੂੰ ਸੰਦੇਸ਼ ਦਿੱਤਾ ਕਿ ਦੁਰਗਾ ਵਾਂਗ ਭਾਰਤੀ ਇਸਤਰੀਆਂ ਵੀ ਕੌਮ ਦਾ ਬਹਾਦਰੀ ਨਾਲ ਟਾਕਰਾ ਕਰ ਸਕਦੀਆਂ ਹਨ ਤੇ ਜੰਗ ਦੇ ਮੈਦਾਨ ਵਿੱਚ ਵੱਡੇ ਵੱਡੇ ਦੁਸ਼ਮਣਾਂ ਨੂੰ ਮਾਤ ਪਾ ਸਕਦੀਆਂ ਹਨ। ਇਹੋ ਕਾਰਨ ਹੈ ਕਿ ਵਾਰ ਵਿੱਚ ਦੁਰਗਾ ਇਕੱਲੀ ਨੂੰ ਹੀ ਰਾਖਸ਼ਾਂ ਦਾ ਟਾਕਰਾ ਕਰਦੇ ਹੋਏ ਦਰਸਾਇਆ ਗਿਆ ਹੈ। ਉਹ ਸੈਨਾਵਾਂ ਸਮੇਤ ਰਾਖਸ਼ਾਂ ਨੂੰ ਪਲ ਵਿੱਚ ਮਾਰ ਮੁਕਾਉਂਦੀ ਹੈ :-

ਜੋਧੇ ਵਡੇ ਮੁਨਾਰੇ ਜਾਪਨ ਖੇਤ ਵਿਚ ॥
ਦੇਵੀ ਆਪ ਸਵਾਰੇ ਪਬ ਜਵੇਹਣੇ ॥
ਕਦੇ ਨ ਆਖਨ ਹਾਰੇ ਧਾਵਨ ਸਾਮ੍ਹਣੇ॥
ਦੁਰਗਾ ਸਭ ਸੰਘਾਰੇ ਰਾਕਸਿ ਖੜਗ ਲੈ॥

ii. **ਧਰਮਾਂ ਨੂੰ ਜੰਗ ਦੇ ਮੈਦਾਨ ਵਿੱਚ ਲੜਨ ਲਈ ਪ੍ਰੇਰਨਾ ਦੇਣਾ:-** ਇਸ ਵਾਰ ਵਿਚ, ਧਰਮਾਂ ਨੂੰ ਜੰਗ ਦੇ ਮੈਦਾਨ ਵਿੱਚ ਲੜਨ ਲਈ ਪ੍ਰੇਰਨਾ ਦੀ ਦਿੱਤੀ ਗਈ ਹੈ ਕਿ ਜੇ ਇੱਕ ਇਸਤਰੀ ਇਕੱਲੀ ਹੀ ਰਾਖਸ਼ਾਂ ਦੀ ਵੱਡੀ ਫ਼ੌਜ ਨਾਲ ਜੁੱਧ ਕਰਕੇ ਜਿੱਤ ਪ੍ਰਾਪਤ ਕਰ ਸਕਦੀ ਹੈ ਤਾਂ ਉਹ ਅਜਿਹਾ ਕਿਉਂ ਨਹੀਂ ਕਰ ਸਕਦੇ। ਇਸ ਵਾਰ ਦੇ ਪ੍ਰਭਾਵ ਦਾ ਸਿੱਟਾ ਹੀ ਸੀ ਕਿ ਇੱਕਲਾ ਸਿੰਘ ਲੱਖਾਂ ਮੁਗਲਾਂ ਦੀ ਫ਼ੌਜ ਦਾ ਟਾਕਰਾ ਕਰਨ ਲਈ ਲੜਾਈ ਦੇ ਮੈਦਾਨ ਵਿੱਚ ਨਿੱਤਰਿਆ। ਗੁਰੂ ਜੀ ਚਾਹੁੰਦੇ ਸਨ ਕਿ ਫ਼ੌਜਾਂ ਦਾ ਮੁਕਾਬਲਾ ਕਰਨ ਲਈ ਉਹਨਾਂ ਦਾ ਇਕ ਸਿੰਘ ਵੀ ਨਾ ਘਬਰਾਏ। ਇਸੇ ਲਈ ਉਹਨਾਂ ਨੇ ਕਿਹਾ ਸੀ:-

ਸਵਾ ਲੱਖ ਸੇ ਏਕ ਲੜਾਊਂ ॥
ਚਿੜੀਆਂ ਤੋਂ ਮੈਂ ਬਾਜ਼ ਤੁੜਾਊਂ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ॥

iii. **ਪੰਜਾਬੀ ਭਾਸ਼ਾ ਦਾ ਵਿਕਾਸ:-** 'ਚੰਡੀ ਦੀ ਵਾਰ' ਲਿਖਣ ਦਾ ਗੁਰੂ ਜੀ ਦਾ ਇੱਕ ਉਦੇਸ਼ ਪੰਜਾਬੀ ਭਾਸ਼ਾ ਦਾ ਵਿਕਾਸ ਕਰਨਾ ਸੀ। 'ਚੰਡੀ ਦੀ ਵਾਰ' ਤੋਂ ਪਹਿਲਾਂ ਗੁਰੂ ਜੀ ਚੰਡੀ ਚਰਿੱਤਰ । ਤੇ ੨ ਦੀ ਰਚਨਾ ਕਰ ਚੁੱਕੇ ਸਨ, ਪਰੰਤੂ ਇਹ ਦੋਵੇਂ ਚਰਿੱਤਰ ਉਹਨਾਂ ਨੇ ਬ੍ਰਿਜ ਭਾਸ਼ਾ ਵਿੱਚ ਲਿਖੇ ਸਨ। ਇਸ ਲਈ ਇਹ ਰਚਨਾਵਾਂ ਵਿਦਵਾਨਾਂ ਤੱਕ ਹੀ ਸੀਮਤ ਸਨ ਅਤੇ ਆਮ ਲੋਕ ਇਹਨਾਂ ਦੇ ਲਾਭ ਨਹੀਂ ਸਨ ਉਠਾ ਸਕਦੇ। ਗੁਰੂ ਗੋਬਿੰਦ ਸਿੰਘ ਨੇ ਵੀ ਲੋਕਾਂ ਤੱਕ ਆਪਣੀ ਆਵਾਜ਼ ਪਹੁੰਚਾਉਣ ਦੇ ਉਦੇਸ਼ ਨਾਲ 'ਚੰਡੀ ਦੀ ਵਾਰ' ਦੀ ਰਚਨਾ ਪੰਜਾਬੀ ਵਿੱਚ ਕੀਤੀ।

**ਕੁਲਵੰਤ ਕੌਰ ਕੋਹਲੀ ਅਨੁਸਾਰ,**

"ਗੁਰੂ ਜੀ ਨੇ ਜੁੱਧਾਂ ਦਾ ਵਰਣਨ ਕਰਨ ਲੱਗਿਆਂ ਸ਼ਬਦਾਵਲੀ ਅਜਿਹੀ ਜ਼ੋਰਦਾਰ ਵਰਤੀ ਹੈ ਕਿ ਜਿਸਨੂੰ ਪੜ੍ਹ ਕੇ ਕਾਇਰਾਂ ਦਾ ਖ਼ੂਨ ਵੀ ਖੋਲਣ ਲੱਗ ਪੈਂਦਾ ਹੈ, ਇਹ ਧਰਮੀਆਂ ਦੇ ਹੱਕਾਂ ਦੀ ਰਾਖੀ ਕਰਨ ਲਈ

ਜਾਨਾਂ ਵਾਰਨ ਲਈ ਤਿਆਰ ਹੋ ਜਾਂਦੇ ਹਨ।"

IV. **ਪਰਮਾਤਮਾ ਦੀ ਮਰਜ਼ੀ ਨੂੰ ਪ੍ਰਵਾਨ ਕਰਨਾ :-** ਗੁਰੂ ਸਾਹਿਬ ਦਾ ਇਕ ਹੋਰ ਉਦੇਸ਼ ਪਰਮਾਤਮਾ ਦੀ ਮਰਜ਼ੀ ਨੂੰ ਪ੍ਰਵਾਨ ਕਰਨਾ ਵੀ ਹੈ। ਵਾਰ ਦੀ ਦੂਜੀ ਪਉੜੀ ਵਿੱਚ ਆਪ ਨੇ ਇਸ ਸੰਬੰਧੀ ਲਿਖਿਆ ਹੈ ਕਿ ਪਰਮਾਤਮਾ ਨੇ ਸਭ ਤੋਂ ਪਹਿਲਾਂ ਸਾਹਿਬਾ (ਮਰਜ਼ੀ) ਪੈਦਾ ਕਰਕੇ ਫਿਰ ਇਸ ਨਾਲ ਸਾਰੇ ਸੰਸਾਰ ਨੂੰ ਪੈਦਾ ਕੀਤਾ। ਇਸ ਮਰਜ਼ੀ ਨੇ ਹੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਸਾਜ ਕੇ ਕੁਦਰਤ ਦੀ ਖੇਡ ਉਪਜਾਈ। ਇਸਨੇ ਹੀ ਸਮੁੰਦਰ ਪਹਾੜ ਧਰਤੀ ਅਤੇ ਆਕਾਸ਼ ਪੈਦਾ ਕੀਤੇ। ਇਸ ਮਰਜ਼ੀ ਨੇ ਹੀ ਦੇਵਤੇ ਤੇ ਰਾਖਸ਼ ਪੈਦਾ ਕੀਤੇ ਤੇ ਉਹਨਾਂ ਅੰਦਰ ਵਾਦ-ਵਿਵਾਦ ਪੈਦਾ ਕੀਤਾ। ਇਸ ਮਰ-ਜ਼ੀ ਨੇ ਹੀ ਦੁਰਗਾ ਨੂੰ ਪੈਦਾ ਕੀਤਾ ਤੇ ਉਸ ਪਾਸੋਂ ਰਾਖਸ਼ਾਂ ਦਾ ਨਾਸ਼ ਕਰ-ਵਾਇਆ। ਪਰਮਾਤਮਾ ਪਾਸੋਂ ਉਸ ਪਾਸੋਂ ਰਾਖਸ਼ਾਂ ਦਾ ਨਾਸ਼ ਕਰਵਾਇਆ। ਪਰਮਾਤਮਾ ਪਾਸੋਂ ਹੀ ਮਰਜ਼ੀ ਲੈ ਕੇ ਰਾਮ ਨੇ ਰਾਵਣ ਦਾ ਤੇ ਕ੍ਰਿਸ਼ਨ ਨੇ ਕੰਸ ਦਾ ਘਾਤ ਕੀਤਾ। ਪਰਮਾਤਮਾ ਬੇਅੰਤ ਹੈ ਤੇ ਇਸਦਾ ਅੰਤ ਨਹੀਂ ਪਾਇਆ ਜਾ ਸਕਦਾ।

V. **ਹੰਕਾਰ, ਹਉਮੈ ਆਦਿ ਦਾ ਤਿਆਗ ਕਰਨਾ :-** ਅਭਿਮਾਨ ਜਾਂ ਹੰਕਾਰ ਇਨ-ਸਾਨ ਨੂੰ ਕਰਤੱਵ ਭੁਲਾ ਦਿੰਦਾ ਹੈ। ਪਰਮਾਤਮਾ ਨੇ ਦੇਵਤਿਆਂ ਦੇ ਹੰਕਾਰ ਨੂੰ ਤੋੜਨ ਲਈ ਰਾਖਸ਼ ਪੈਦਾ ਕੀਤੇ:-

ਅਭਿਮਾਨ ਉਤਾਰਨ ਦੇਵਤਿਆਂ
ਮਹਿਖਾਸੁਰ ਸੁੰਭ ਉਪਾਇਆਂ।

ਇਸ ਤਰ੍ਹਾਂ ਪਰਮਾਤਮਾ ਜ਼ਾਲਮਾਂ ਦੇ ਖ਼ਾਤਮੇ ਲਈ ਸਮੇਂ ਸਮੇਂ ਸ਼ਕਤੀ ਭੇਜਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਹੰਕਾਰੀ ਨਾ ਬਣਨ ਦਾ ਉਪਦੇਸ਼ ਦਿੱਤਾ ਹੈ ਤਾਂ ਜੋ ਉਹ ਆਪਣਾ ਕਰਤੱਵ ਭਲੀ-ਭਾਂਤ ਨਿਭਾਅ ਸਕਣ।

VI. **ਬਦੀ ਤੇ ਨੇਕੀ ਦੀ ਜਿੱਤ :-** ਆਰੰਭ ਤੋਂ ਹੀ ਇਸ ਸੰਸਾਰ ਵਿੱਚ ਨੇਕੀ ਤੇ ਬਦੀ ਦੀਆਂ ਦੋ ਧਾਰਨਾਵਾਂ ਜੰਗ ਵਿੱਚ ਰਹੀਆਂ ਹਨ। ਪਹਿਲਾਂ ਬਦੀ ਨੇਕੀ ਉੱਪਰ ਭਾਰੀ ਹੋ ਜਾਂਦੀ ਹੈ ਤੇ ਉਹ ਨੇਕੀ ਨੂੰ ਦਬਾ ਲੈਂਦੀ ਹੈ, ਪਰ ਅੰਤ ਜਿੱਤ ਨੇਕੀ ਦੀ ਹੁੰਦੀ ਹੈ। ਗੁਰੂ ਜੀ ਨੇ ਇਸ ਉਦੇਸ਼ ਨੂੰ ਮੁੱਖ ਰੱਖ ਕੇ ਹੀ 'ਚੰਡੀ ਦੀ ਵਾਰ' ਦੀ ਰਚਨਾ ਕੀਤੀ ਸੀ। ਉਹਨਾਂ ਦੇ

ਪਰਮਾਰਥ ਨੂੰ ਚੰਡੀ ਦੇ ਪ੍ਰਤੀਕ ਰਾਹੀਂ ਉਭਾਰ ਕੇ ਅੱਤਿਆਚਾਰ ਨਾਲ ਨਪੀੜੀ ਜਨਤਾ ਨੂੰ ਅੱਤਿਆਚਾਰੀ ਹਕੂਮਤ ਵਿਰੁੱਧ ਖੜ੍ਹਾ ਕੀਤਾ।

## ਦ) ਸੂਰਬੀਰਤਾ ਤੇ ਅਧਿਆਤਮਿਕਤਾ ਨੂੰ ਇਕੱਠੇ ਉਜਾਗਰ ਕਰਨਾ:-

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਪੰਜਾਬੀ ਵਿੱਚ ਸੂਰਬੀਰਾਂ ਦੀਆਂ ਵਾਰਾਂ ਲਿਖੀਆਂ ਜਾਂਦੀਆਂ ਸਨ, ਪਰੰਤੂ ਇਹਨਾਂ ਵਿੱਚ ਕੇਵਲ ਦੋ ਛੋਟੇ-ਛੋਟੇ ਰਾਜਪੂਤ ਰਾਜਿਆਂ ਜਾਂ ਜਾਗੀਰਦਾਰਾਂ ਦੇ ਬੀਰ ਰਸ ਭਰਪੂਰ ਜੁੱਧਾਂ ਦਾ ਵਰਣਨ ਹੁੰਦਾ ਸੀ। ਹਿੰਦੀ ਜਗਤ ਵਿੱਚ ਰਾਸੋ ਨਾਮੀ ਬੀਰ ਰਸੀ ਤੇ ਸ਼ਿੰਗਾਰ ਰਸੀ ਕਵਿਤਾ ਪ੍ਰਚਲਿਤ ਸੀ। ਗੁਰ ਨਾਨਕ ਦੇਵ ਜੀ ਨੇ ਇਸ ਵਿਧਾ ਨੂੰ ਇਕ ਨਵਾਂ ਮੋੜ ਦਿੱਤਾ। ਉਹਨਾਂ ਨੇ ਕਵਿਤਾ ਦੇ ਇਸ ਰੂਪ ਨੂੰ ਅਧਿਆਤਮਕ ਸਚਾਈਆਂ ਨੂੰ ਪ੍ਰਗਟਾਉਣ ਦੇ ਮਾਧਿਅਮ ਵਜੋਂ ਅਪਣਾਇਆ। ਉਹਨਾਂ ਨੇ ਇਸ ਦਾ ਮਢਲਾ ਉਪਰਾਲਾ 'ਆਸਾ ਦੀ ਵਾਰ' ਲਿਖ ਕੇ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਰੀਤ ਨੂੰ ਮੁੱਖ ਰੱਖ ਕੇ 'ਚੰਡੀ ਦੀ ਵਾਰ' ਲਿਖੀ। ਉਹਨਾਂ ਨੇ ਇਸ ਵਾਰ ਵਿੱਚ ਜਿੱਥੇ ਇਕ ਪਾਸੇ ਸੂਰਬੀਰਤਾ ਨੂੰ ਉਜਾਗਰ ਕੀਤਾ, ਉੱਥੇ ਦੂਜੇ ਪਾਸੇ ਉਹਨਾਂ ਨੇ ਅਧਿਆਤਮਕਤਾ ਨੂੰ ਵੀ ਉਜਾਗਰ ਕੀਤਾ।

**ਸਿੱਟਾ:-** ਉਪਰੋਕਤ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਜੀ ਦਾ ਇਹ ਵਾਰ ਲਿਖਣ ਦਾ ਉਦੇਸ਼ ਜਿੱਥੇ ਪੰਜਾਬੀਆਂ ਨੂੰ ਪਰਮਾਤਮਾ ਦੀ ਸ਼ਕਤੀ ਤੋਂ ਜਾਣੂ ਕਰਵਾਉਣਾ ਹੈ, ਉੱਥੇ ਉਹਨਾਂ ਦੀ ਅਣਖ ਨੂੰ ਟੁੰਬਣਾ ਵੀ ਹੈ ਤਾਂ ਜੋ ਉਹ ਜ਼ੁਲਮ ਖ਼ਿਲਾਫ਼ ਆਪਣੀ ਆਵਾਜ਼ ਉਠਾ ਸਕਣ। ਇਸ ਵਾਰ ਦੇ ਪ੍ਰਭਾਵ ਦਾ ਸਿੱਟਾ ਹੀ ਸੀ ਕਿ ਸਿੰਘਾਂ ਨੇ ਬਹਾਦਰ ਹੋ ਕੇ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਪੁੱਟ ਦਿੱਤੀਆਂ।